# Handing over of 10 Broad Gauge Locomotives to Bangladesh

July 27, 2020

……………………………………………………………………………………………

## ਬੰਗਲਾਦੇਸ਼ ਨੂੰ ਸੌਂਪੇ ਗਏ 10 ਬ੍ਰੌਡ ਗੇਜ ਲੋਕੋਮੋਟਿਵ

27 ਜੁਲਾਈ, 2020

ਅੱਜ ਹੋਏ ਇੱਕ ਸੌਂਪਣ ਸਮਾਰੋਹ ਵਿੱਚ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਡਾ. ਐੱਸ. ਜੈਸ਼ੰਕਰ ਅਤੇ ਰੇਲਵੇ, ਵਣਜ ਅਤੇ ਸੰਨਤ ਮੰਤਰੀ ਸ਼੍ਰੀ ਪੀਯੂਸ਼ ਗੋਇਲ ਦੁਆਰਾ 10 ਬ੍ਰੌਡ ਗੇਜ (BG) ਲੋਕੋਮੋਟਿਵ ਵਰਚੁਅਲ ਮਾਧਿਅਮ ਰਾਹੀਂ ਬੰਗਲਾਦੇਸ਼ ਰਵਾਨਾ ਕੀਤੇ ਗਏ। ਇਸ ਮੌਕੇ 'ਤੇ ਰੇਲ ਰਾਜ ਮੰਤਰੀ ਸ਼੍ਰੀ ਸੁਰੇਸ਼ ਅੰਗਦੀ ਵੀ ਮੌਜੂਦ ਸਨ। ਬੰਗਲਾਦੇਸ਼ੀ ਧਿਰ ਤੋਂ ਰੇਲਵੇ ਮੰਤਰੀ ਮੁਹੰਮਦ ਨੂਰੂਲ ਇਸਲਾਮ ਸੁਜਾਨ ਅਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਡਾ. ਅਬਦੁਲ ਕਲਾਮ ਅਬਦੁੱਲ ਮੋਮਨ ਨੇ ਬੰਗਲਾਦੇਸ਼ ਸਰਕਾਰ ਦੇ ਪੱਖ ਤੋਂ ਲੋਕੋਮੋਟਿਵ ਹਾਸਲ ਕੀਤੇ।

ਗ੍ਰਾਂਟ ਸਹਾਇਤਾ ਅਧੀਨ ਦਿੱਤੇ ਗਏ ਇਨ੍ਹਾਂ ਲੋਕੋਮੋਟਿਵ ਨੂੰ ਸੌਂਪਣਾ ਭਾਰਤ ਸਰਕਾਰ ਵੱਲੋਂ ਬੰਗਲਾਦੇਸ਼ ਦੀ ਮਾਨਯੋਗ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਅਕਤੂਬਰ, 2019 ਦੀ ਭਾਰਤ ਯਾਤਰਾ ਦੌਰਾਨ ਕੀਤੀ ਗਈ ਮਹੱਤਵਪੂਰਣ ਵਚਨਬੱਧਤਾ ਦਾ ਸਿੱਟਾ ਹੈ। ਇਨ੍ਹਾਂ ਲੋਕੋਮੋਟਿਵ ਨੂੰ ਬੰਗਲਾਦੇਸ਼ ਰੇਲਵੇ ਦੀਆਂ ਲੋੜਾਂ ਦੇ ਮੱਦੇਨਜ਼ਰ ਭਾਰਤ ਨੇ ਸੋਧਿਆ ਹੈ। ਇਹ ਲੋਕੋਮੋਟਿਵ ਬੰਗਲਾਦੇਸ਼ ਵਿੱਚ ਯਾਤਰੀਆਂ ਅਤੇ ਮਾਲ-ਭਾੜਾ ਦੇ ਵੱਧ ਰਹੇ ਕੰਮਕਾਜ ਨੂੰ ਕਰਨ 'ਚ ਮਦਦ ਕਰਨਗੇ।

ਇਸ ਮੌਕੇ 'ਤੇ ਬੋਲਦੇ ਹੋਏ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ ਦੁਵੱਲੇ ਭਰੋਸੇ ਅਤੇ ਸਤਿਕਾਰ ਤੇ ਆਧਾਰਤ ਪਰਖੇ ਹੋਏ ਭਾਰਤ-ਬੰਗਲਾਦੇਸ਼ ਸਬੰਧਾਂ ਦੀ ਡੂੰਘਾਈ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਇਸ ਗੱਲ 'ਤੇ ਖੁਸ਼ੀ ਪ੍ਰਗਟਾਈ ਕਿ ਕੋਵਿਡ ਮਹਾਂਮਾਰੀ ਕਾਰਨ ਦੁਵੱਲੇ ਸਹਿਯੋਗ ਦੀ ਰਫਤਾਰ 'ਚ ਕਮੀ ਨਹੀਂ ਆਈ ਅਤੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਵਰਤਮਾਨ 'ਚ ਚਲ ਰਹੇ ਇਤਿਹਾਸਕ ਮੁਜੀਬ ਬਾਰਸ਼ੋ ਵਿੱਚ ਅਜਿਹੇ ਹੋਰ ਮੀਲ ਪੱਥਰਾਂ ਦੇ ਹਾਸਲ ਹੋਣ ਦੀ ਉਡੀਕ ਹੈ।

ਰੇਲਵੇ, ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪਿਯੂਸ਼ ਗੋਇਲ ਨੇ ਦੁਵੱਲੇ ਵਪਾਰ ਅਤੇ ਸੰਪਰਕ ਨੂੰ ਵਧਾਉਣ ਅਤੇ ਦੋਵਾਂ ਦੇਸ਼ਾਂ ਦੀ ਆਰਥਿਕ ਭਾਈਵਾਲੀ ਨੂੰ ਅੱਗੇ ਵਧਾਉਣ ਵਿਚ ਰੇਲਵੇ ਸਹਿਯੋਗ ਦੇ ਮਹੱਤਵ 'ਤੇ ਜ਼ੋਰ ਦਿੱਤਾ।

ਹਾਲੀਆ ਸਮੇਂ ਵਿੱਚ ਜ਼ਮੀਨੀ ਸਰਹੱਦ ਰਾਹੀਂ ਵਪਾਰ ਵਿੱਚ ਵਿਘਨ ਆਉਣ ਕਰਕੇ ਭਾਰਤ ਅਤੇ ਬੰਗਲਾਦੇਸ਼ ਨੇ ਕੋਵਿਡ 19 ਮਹਾਂਮਾਰੀ ਦੇ ਮਾੜੇ ਅਸਰ ਨੂੰ ਘਟਾਉਣ ਵਾਸਤੇ ਆਪਣੇ ਰੇਲ ਸਹਿਯੋਗ ਦਾ ਪੱਧਰ ਵਧਾ ਦਿੱਤਾ ਹੈ। ਕਿਫਾਇਤੀ, ਕਾਰਗਰ ਅਤੇ ਵਾਤਾਵਰਣ-ਅਨੁਕੂਲ ਹੱਲ ਹੋਣ ਕਾਰਨ ਰੇਲ ਨੇ ਸਰਹੱਦ ਪਾਰ ਜ਼ਰੂਰੀ ਵਸਤਾਂ ਪਹੁੰਚਾਉਣ ਵਿੱਚ ਮਦਦ ਕੀਤੀ ਹੈ। ਦੋਵਾਂ ਧਿਰਾਂ ਦਰਮਿਆਨ ਜੂਨ ਦੇ ਮਹੀਨੇ 'ਚ ਸਭ ਤੋਂ ਵੱਧ ਮਾਲ ਭਾੜੇ ਦੀਆਂ ਟ੍ਰੇਨਾਂ ਦਾ ਆਨਾ ਜਾਣਾ ਹੋਇਆ. ਜ਼ਰੂਰੀ ਚੀਜ਼ਾਂ ਅਤੇ ਕੱਚਾ ਮਾਲ ਪਹੁੰਚਾਉਣ ਲਈ ਕੁਲ ਮਿਲਾਕੇ 103 ਮਾਲਗੱਡੀਆਂ ਵਰਤੀਆਂ ਗਈਆਂ।

ਹਾਲ ਵਿੱਚ ਹੀ ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਪਾਰਸਲ ਅਤੇ ਕੰਟੇਨਰ ਰੇਲ ਸੇਵਾਵਾਂ ਵੀ ਸ਼ੁਰੂ ਹੋਈਆਂ ਹਨ। ਇਸ ਕਦਮ ਨਾਲ ਦੁਵੱਲੇ ਵਪਾਰ ਦਾ ਦਾਇਰਾ ਕਾਫ਼ੀ ਵਧਣ ਦੀ ਆਸ  ਹੈ।

ਨਵੀਂ ਦਿੱਲੀ
27 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release.